ਮਿਤੀ ਬੱਧ/ਅਤਿ ਜਰੂਰੀ

# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਅੰਮ੍ਰਿਤਸਰ।

ਵੱਲ,

ਸਮੂਹ ਕਲੱਸਟਰ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-1/2015/2834-35 ਮਿਤੀ:-**14/12/2015**

ਵਿਸ਼ਾ:- 6th ਰਾਸ਼ਟਰੀ ਵੋਟਰ ਦਿਵਸ,2016- ਸਕੂਲ ਦੇ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਉਣ ਸਬੰਧੀ

ਹਵਾਲਾ:- ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਜੀ ਦੇ ਪੱਤਰ ਨੰ: ਚੋਣ-2015/1784 ਮਿਤੀ 23/11/2015 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਦਾ ਹੈ ਕਿ ਭਾਰਤ ਚੋਣ ਕਮਿਸ਼ਨ ਜੀ ਦੀਆਂ 6ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਚੋਣ ਗਤੀਵਿਧੀਆਂ ਨਾਲ ਸਬੰਧ ***ਭਾਸ਼ਣ ਮੁਕਾਬਲੇ/ਲੇਖ ਲਿਖਣ ਮੁਕਾਬਲੇ/ਸਲੋਗਣ ਮੁਕਾਬਲੇ ਅਤੇ ਚਿੱਤਰਕਾਰੀ ਮੁਕਾਬਲੇ*** ਆਦਿ ਕਰਵਾਏ ਜਾਣ ਅਤੇ ਇਹਨਾਂ ਮੁਕਾਬਲਿਆਂ ਵਿੱਚ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਹਾਸ਼ਲ ਕਰਨ ਵਾਲੇ ਵਿਦਿਆਰਥੀਆਂ ਨੂੰ ਮਿਤੀ 25 ਜਨਵਰੀ 2016 ਨੂੰ ਨੈਸ਼ਨਲ ਵੋਟਰ ਡੇ ਵਾਲੇ ਦਿਨ ਸਨਮਾਨਿਤ ਕੀਤਾ ਜਾਵੇਗਾ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਕਲੱਸਟਰ ਵਿੱਚ ਆਉਂਦੇ ਸਮੂਹ ਸਕੂਲਾਂ ਵਿੱਚ ***ਕਲੱਸਟਰ ਲੈਵਲ ਤੇ ਭਾਸ਼ਣ ਮੁਕਾਬਲੇ/ਲੇਖ ਲਿਖਣ ਮੁਕਾਬਲੇ/ਸਲੋਗਣ ਮੁਕਾਬਲੇ ਅਤੇ ਚਿੱਤਰਕਾਰੀ ਮੁਕਾਬਲੇ ਆਦਿ ਮੁਕਾਬਲੇ ਮਿਤੀ 18/12/2015 ਨੂੰ ਕਰਵਾ ਕੇ ਜੋ ਵਿਦਿਆਰਥੀ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਤੇ ਆਏ ਹਨ ਉਹਨਾਂ ਦੇ ਨਾਮ ਹੇਠ ਦਿੱਤੇ ਪ੍ਰੋਫਾਰਮੇਂ ਤੇ ਉਸੇ ਦਿਨ ਹੀ ਨਿੱਜੀ ਪੱਧਰ ਤੇ ਇਸ ਦਫ਼ਤਰ ਵਿਖੇ ਪੁਜਦੇ ਕੀਤੇ ਜਾਣ। ਪਹਿਲੀ ਦੂਸਰੀ ਅਤੇ ਤੀਸਰੀ ਪੁਜੀਸ਼ਨ ਤੇ ਆਏ ਵਿਦਿਆਰਥੀਆਂ ਦੇ ਜਿਲ੍ਹਾ ਲੈਵਲ ਦੇ ਮੁਕਾਬਲੇ ਮਿਤੀ 06/01/2016 ਨੂੰ ਸਵੇਰੇ 10 ਵਜੇ ਸ:ਕੰ:ਸ:ਸ:ਸ: ਮਾਲ ਰੋਡ ਵਿਖੇ ਕਰਵਾਏ ਜਾਣਗੇ।***

ਜਿਲ੍ਹਾ ਪੱਧਰ ਤੇ ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਤੇ ਆਏ ਵਿਦਿਆਰੀਆਂ ਨੂੰ 25 ਜਨਵਰੀ 2016 ਨੂੰ ਕਰਵਾਏ ਜਾ ਰਹੇ ਵੋਟਰ ਦਿਵਸ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

## ਪ੍ਰੋਫਾਰਮਾਂ

| ਸਕੂਲ ਦਾ ਨਾ | ਮੁਕਾਬਲੇ ਦਾ ਵੇਰਵਾ | ਮੁਕਾਬਲੇ ਕਰਵਾਉਣ ਦੀ ਮਿਤੀ ਦਾ ਵੇਰਵਾ | ਕਲੱਸਟਰ ਲੈਵਲ ਤੇ ਭਾਗ ਲੈਣ ਵਾਲੇ ਵਿਦਿਆਰਥੀ ਦਾ ਨਾਂ | ਪਹਿਲੀ, ਦੂਸਰੀ ਅਤੇ ਤੀਸਰੀ ਪੁਜੀਸ਼ਨ ਹਾਸ਼ਲ ਕਰਨ ਵਾਲੇ ਵਿਦਿਆਰਥੀ: ਦਾ ਨਾਂ ਅਤੇ ਮੋਬਾਇਲ ਨੰ: |
|---|---|---|---|---|
| | | | | |

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ

ਪਿੱਠ ਅੰਕਣ ਨੰ: ਉਕਤ: ਮਿਤੀ:-

1. ਇਸਦਾ ਉਤਾਰਾ ਪ੍ਰਿੰਸੀਪਲ ਸ:ਕੰ:ਸ:ਸ:ਸ: ਮਾਲ ਰੋਡ ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਲੈਵਲ ਦਾ ਮੁਕਾਬਲਾ ਮਿਤੀ 06/01/2016 ਨੂੰ ਜੋ ਕਿ ਆਪਦੇ ਸਕੂਲ ਵਿੱਚ ਕਰਵਾਇਆ ਜਾ ਰਿਹਾ ਹੈ ਉਸ ਵਿੱਚ ਜੱਜਾਂ ਅਤੇ ਹੋਰ ਦਾ ਪ੍ਰਬੰਧ ਆਪਣੇ ਪੱਧਰ ਤੇ ਕਰ ਲਿਆ ਜਾਵੇ।
2. ਆਈ.ਸੀ.ਟੀ. ਕੋਆਰਡੀਨੇਟਰ ਨੂੰ **ਵੈਬ ਸਾਈਟ** ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)